# ਐਨ ਐੱਚ ਐਸ (ਸ਼ੁੰ) ਬਾਉਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ

## ਫ਼ੈਸਲਾ ਕਰਨ ਵਿੱਚ ਤੁਹਾਡੀ ਮਦਦ



Punjabi

ਇਹ ਤੁਹਾਡੀ ਚੋਣ ਹੈ ਕਿ ਤੁਸੀਂ ਬਾਉਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ ਵਿੱਚ ਹਿੱਸਾ ਲੈਣਾ ਹੈ ਜਾਂ ਨਹੀਂ। ਇਸ ਪਰਚੇ ਦਾ ਟੀਚਾ ਫ਼ੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨਾ ਹੈ।

# ਅਸੀਂ ਬਾਉਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ ਦੀ ਪੇਸ਼ਕਸ਼ ਕਿਉਂ ਕਰਦੇ ਹਾਂ

ਅਸੀਂ ਬਾਉਲ (ਆਂਦਰਾਂ ਦੇ) ਕੈਂਸਰ ਦਾ ਪਤਾ ਲਾਉਣ ਲਈ ਸਕ੍ਰੀਨਿੰਗ ਕਰਦੇ ਹਾਂ ਜਦੋਂ ਲੋਕਾਂ ਵਿੱਚ ਇਹ ਬਿਨਾ ਕਿਸੇ ਨਿਸ਼ਾਨੀ ਨਾਲ ਇੱਕ ਸ਼ੁਰੂਆਤੀ ਅਵਸਥਾ ਵਿੱਚ ਹੁੰਦਾ ਹੈ। ਇਹ ਉਹ ਸਮਾਂ ਹੈ ਜਦੋਂ ਇਲਾਜ ਦੇ ਅਸਰਦਾਰ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਸਕ੍ਰੀਨਿੰਗ ਵਿੱਚ ਅਸੁਭਾਵਿਕ ਵਾਧਾ (ਪੌਲਿਪ) ਵੀ ਲੱਭ ਸਕਦੇ ਹਨ। ਇਹ ਆਂਦਰਾਂ ਵਿੱਚ ਸੈੱਲਾਂ ਦੇ ਅਸੁਭਾਵਿਕ ਗੁੱਛੇ ਹਨ। ਪੌਲਿਪ ਕੈਂਸਰ ਨਹੀਂ ਹਨ, ਪਰ ਇਹ ਸਮੇਂ ਦੇ ਨਾਲ ਕੈਂਸਰ ਵਿੱਚ ਵੱਧ ਸਕਦੇ ਹਨ। ਪੌਲਿਪ ਅਸਾਨੀ ਨਾਲ ਕੱਢੇ ਜਾ ਸਕਦੇ ਹਨ, ਜੋ ਬਾਉਲ (ਆਂਦਰਾਂ ਦੇ) ਕੈਂਸਰ ਦੇ ਹੋਣ ਦਾ ਖ਼ਤਰੇ ਨੂੰ ਘੱਟਾਉਂਦਾ ਹੈ।

ਬਾਉਲ (ਆਂਦਰਾਂ ਦੇ) ਕੈਂਸਰ ਦੀ ਨਿਯਮਿਤ ਸਕ੍ਰੀਨਿੰਗ ਆਂਦਰਾਂ ਦੇ ਕੈਂਸਰ ਨਾਲ ਮਰਨ ਦੇ ਖ਼ਤਰੇ ਨੂੰ ਘਟਾਉਂਦੀ ਹੈ।

# ਅਸੀਂ ਕਿਸ ਨੂੰ ਸੱਦਾ ਦਿੰਦੇ ਹਾਂ


ਅਸੀਂ ਇੰਗਲੈਂਡ ਵਿੱਚ ੬੦ ਸਾਲ ਦੀ ਉਮਰ ਤੋਂ ਸਾਰਿਆਂ ਨੂੰ ਘਰ ਲਈ ਇੱਕ ਟੈਸਟ ਕਿੱਟ ਦੇ ਇਸਤੇਮਾਲ ਰਾਹੀਂ ਬਾਉਲ ਕੈਂਸਰ ਦੀ ਸਕ੍ਰੀਨਿੰਗ ਦੀ ਪੇਸ਼ਕਸ਼ ਕਰਦੇ ਹਾਂ। ਤੁਹਾਡਾ ਜੀਪੀ ਸਾਨੂੰ ਤੁਹਾਡੇ ਸੰਪਰਕ ਦਾ ਵੇਰਵਾ ਦਿੰਦਾ ਹੈ ਇਸ ਲਈ ਕਿਰਪਾ ਕਰਕੇ ਪੱਕਾ ਕਰੋ ਕਿ ਉਹਨਾਂ ਕੋਲ ਹਮੇਸ਼ਾਂ ਤੁਹਾਡਾ ਸਹੀ ਨਾਂ, ਜਨਮ ਦੀ ਤਰੀਕ ਅਤੇ ਪਤਾ ਹੈ।

ਅਸੀਂ ੬੦ ਸਾਲ ਅਤੇ ੭੪ ਸਾਲ ਦੀ ਉਮਰ ਦੇ ਵਿੱਚਕਾਰ ਹਰ ੨ ਸਾਲ ਸਕ੍ਰੀਨਿੰਗ ਦੀ ਪੇਸ਼ਕਸ਼ ਕਰਦੇ ਹਾਂ। ਜੇ ਤੁਸੀਂ ੭੪ ਸਾਲਾਂ ਤੋਂ ਉੱਤੇ ਹੋ, ਤਾਂ ਤੁਸੀਂ ਹਰ ੨ ਸਾਲ ਬਾਅਦ ਸਾਡੀ ਮੁਫ਼ਤ ਹੈਲਪਲਾਇਨ ੦੮੦੦ ੭੦੭ ੬੦ ੬੦ 'ਤੇ ਫੋਨ ਕਰਕੇ ਇੱਕ ਕਿੱਟ ਮੰਗ ਸਕਦੇ ਹੋ।

ਤੁਹਾਨੂੰ ਇੱਕ ਖੋਜ ਪ੍ਰੋਜੈਕਟ (ਇੱਕ 'ਕਲੀਨਿਕਲ ਟ੍ਰਾਇਲ') ਵਿੱਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ। ਖੋਜ ਭਵਿੱਖ ਵਿੱਚ ਲੋਕਾਂ ਲਈ ਬਾਉਲ (ਆਂਦਰਾਂ ਦੇ) ਕੈਂਸਰ ਦੀ ਰੋਕਥਾਮ ਅਤੇ ਇਲਾਜ ਵਿੱਚ ਮਦਦ ਕਰਦੀ ਹੈ। ਤੁਸੀਂ ਚੁਣ ਸਕਦੇ ਹੋ ਕਿ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ। ਤੁਹਾਡੀ ਚੋਣ ਦਾ ਅਸਰ ਤੁਹਾਡੀ ਆਂਦਰਾਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਨਹੀਂ ਪਏਗਾ।

# ਆਂਦਰਾਂ ਕਿਵੇਂ ਕੰਮ ਕਰਦੀਆਂ ਹਨ

ਆਂਦਰਾਂ ਤੁਹਾਡੇ ਪਾਚਕ ਵਿਵਸਥਾ ਦਾ ਹਿੱਸਾ ਹਨ। ਇਹ ਭੋਜਨ ਤੋਂ ਪੌਸ਼ਟਿਕ ਤੱਤ ਅਤੇ ਪਾਣੀ ਲੈਂਦੀਆਂ ਹਨ ਅਤੇ ਜੋ ਕੁਝ ਬਚਿਆ ਹੈ ਉਸਨੂੰ ਟੱਟੀ (ਜਿਸਨੂੰ ਮਲ, ਪਖਾਨਾ ਜਾਂ ਸ਼ੌਚ ਵੀ ਕਹਿੰਦੇ ਹਨ) ਵਿੱਚ ਬਦਲਦੀਆਂ ਹਨ।




ਵੱਡੀ ਆਂਦਰ ਅਤੇ ਗੁਦਾ ਮਿਲ ਕੇ ਵੱਡਾ ਬਾਉਲ ਬਣਾਉਂਦੇ ਹਨ, ਅਤੇ ਇਹ ਪਾਚਕ ਤੰਤਰ ਦਾ ਹਿੱਸਾ ਹਨ

# ਬਾਊਲ (ਆਂਦਰਾਂ) ਦਾ ਕੈਂਸਰ

ਆਂਦਰਾਂ ਦੇ ਕੈਂਸਰ ਨੂੰ ਕੋਲੋਨ, ਰੈਕਟਲ ਜਾਂ ਕੋਲੋਰੈਕਟਲ ਕੈਂਸਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕਦੀਂ ਕਦਾਈਂ ਸੈੱਲ ਜੋ ਆਂਦਰਾਂ ਨੂੰ ਬਣਾਉਂਦੇ ਹਨ ਉਹ ਬਹੁਤ ਜਲਦੀ ਵੱਧਣਾ ਸ਼ੁਰੂ ਕਰ ਦੇਂਦੇ ਹਨ ਅਤੇ ਸੈੱਲਾਂ ਦਾ ਇੱਕ ਗੁੱਛਾ ਬਣਾਉਂਦੇ ਹਨ ਜਿਸਨੂੰ ਪੌਲਿਪ ਕਿਹਾ ਜਾਂਦਾ ਹੈ (ਕੁਝ ਤਰ੍ਹਾਂ ਦੇ ਪੌਲਿਪਾਂ ਨੂੰ 'ਐਡਨਿੋਮਾ' ਕਿਹਾ ਜਾਂਦਾ ਹੈ) ਪੌਲਿਪ ਆਂਦਰਾਂ ਦੇ ਕੈਂਸਰ ਨਹੀਂ ਹਨ ਪਰ ਕੁਝ ਸਾਲਾਂ ਵਿੱਚ ਇਹ ਕਦੀਂ ਕਦਾਈਂ ਕੈਂਸਰ ਵਿੱਚ ਬਦਲ ਸਕਦੇ ਹਨ।

# ਬਾਊਲ (ਆਂਦਰਾਂ ਦਾ) ਕੈਂਸਰ ਹੋਣ ਦੇ ਖ਼ਤਰੇ

ਹਰ ਕੋਈ, ਤੁਹਾਡਾ ਲਿੰਗ ਕੋਈ ਵੀ ਹੋਏ, ਬਾਊਲ (ਆਂਦਰਾਂ ਦੇ) ਕੈਂਸਰ ਹੋਣ ਦੇ ਖ਼ਤਰੇ ਵਿੱਚ ਹੈ। ਚੀਜ਼ਾਂ ਜੋ ਤੁਹਾਡੇ ਖ਼ਤਰੇ ਨੂੰ ਵਧਾ ਸਕਦੀਆਂ ਹਨ ਵਿੱਚ ਸ਼ਾਮਿਲ ਹੈ:


- ਉਮਰ ਦਾ ਵਧਨਾ (੧੦ ਵਿੱਚੋਂ ੮ ਲੋਕ ਜਿਨ੍ਹਾਂ ਵਿੱਚ ਆਂਦਰਾਂ ਦੇ ਕੈਂਸਰ ਦੀ ਪਛਾਣ ਕੀਤੀ ਜਾਂਦੀ ਹੈ ੬੦ ਤੋਂ ਵੱਧ ਉਮਰ ਦੇ ਹਨ)
- ਕਾਫ਼ੀ ਚੁਸਤ ਨਾ ਹੋਣਾ
- ਭਾਰ ਜਿਆਦਾ ਹੋਣਾ
- ਖੁਰਾਕ ਜੋ ਜਿਆਦਾ ਲਾਲ ਅਤੇ ਪ੍ਰੋਸੈਸਡ ਮੀਟ ਅਤੇ ਘੱਟ ਰੇਸ਼ੇ ਵਾਲੀਆਂ ਸਬਜ਼ੀਆਂ ਅਤੇ ਫਲਾਂ ਵਾਲੀ ਹੋਏ
- ਸਿਗਰਟ ਪੀਣਾ
- ਬਹੁਤ ਜਿਆਦਾ ਸ਼ਰਾਬ ਪੀਣਾ
- ਟਾਇਪ ੨ ਸ਼ੂਗਰ ਦਾ ਹੋਣਾ
- ਸੋਜਸ਼ਕਾਰੀ ਆਂਦਰਾਂ ਦੀ ਬੀਮਾਰੀ (ਇਨਫਲਾਮੇਟਰੀ ਬਾਊਲ ਡਜ਼ੀਜ਼) (ਜਿਵੇਂ ਅਲਸਰੇਟਿਵ ਕੋਲਾਇਟਿਸ ਜਾਂ ਕ੍ਰੋਹਨਜ਼ ਡਜ਼ੀਜ਼) ਦਾ ਹੋਣਾ
- ਆਂਦਰਾਂ ਦੇ ਕੈਂਸਰ ਦਾ ਪਰਵਾਰਿਕ ਇਤਿਹਾਸ

# ਬਾਉਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ ਕਿਸ ਤਰ੍ਹਾਂ ਕੰਮ ਕਰਦੀ ਹੈ

ਅਸੀਂ ਤੁਹਾਨੂੰ ਇੱਕ ਸੱਦੇ ਦਾ ਖ਼ਤ ਅਤੇ ਇਹ ਪਰਚਾ ਭੇਜਦੇ ਹਾਂ। ਇਹ ਜਾਣਕਾਰੀ ਇਹ ਚੁਣਨ ਵਿੱਚ ਤੁਹਾਡੀ ਮਦਦ ਲਈ ਹੈ ਕਿ ਤੁਸੀਂ ਇਸ ਸਕ੍ਰੀਨਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ। ਫਿਰ ਅਸੀਂ ਤੁਹਾਨੂੰ ਇੱਕ ਫੀਕਲ ਇਮਿਊਨੋਕੈਮੀਕਲ ਟੈਸਟ, ਜਾਂ ਛੋਟੇ ਵਿੱਚ 'ਐੱਫਆਈਟੀ (ਢੀਠ) ਕਿੱਟ' ਭੇਜਦੇ ਹਾਂ। ਇਹ ਤੁਹਾਡੀ ਟੱਟੀ ਵਿੱਚ ਲਹੂ ਦੀ ਬਹੁਤ ਛੋਟੀ ਮਾਤਰਾ ਨੂੰ ਲੱਭਦਾ ਹੈ (ਲਹੂ ਜੋ ਤੁਸੀਂ ਅੱਖਾਂ ਤੋਂ ਨਹੀਂ ਦੇਖ ਸਕਦੇ)। ਅਸੀਂ ਲਹੂ ਲੱਭਦੇ ਹਾਂ ਕਿਉਂਕਿ ਪੋਲਿਪ ਅਤੇ ਆਂਦਰਾਂ ਦੇ ਕੈਂਸਰਾਂ ਤੋਂ ਕਦੀ ਕਦਾਈਂ ਲਹੂ ਨਿਕਲਦਾ ਹੈ। ਲਹੂ ਲੱਭਣ ਨਾਲ ਆਂਦਰਾਂ ਦੇ ਕੈਂਸਰ ਦੀ ਪਛਾਣ ਨਹੀਂ ਹੁੰਦੀ ਪਰ ਇਹ ਸਾਨੂੰ ਦੱਸਦਾ ਹੈ ਕਿ ਤੁਹਾਨੂੰ ਆਂਦਰਾਂ ਦੀ ਜਾਂਚ ਦੀ ਲੋੜ ਹੈ।

ਜ਼ਿਆਦਾਤਰ ਲੋਕਾਂ ਦਾ ਐੱਫਆਈਟੀ (ਢੀਠ) ਕਿੱਟ ਨਤੀਜਾ ਠੀਕ ਹੁੰਦਾ ਹੈ। ਇਸਦਾ ਮਤਲਬ ਹੈ ਤੁਹਾਨੂੰ ਉਸ ਵੇਲੇ ਅੱਗੇ ਹੋਰ ਕਿਸੇ ਟੈਸਟ ਜਾਂ ਜਾਂਚ ਦੀ ਲੋੜ ਨਹੀਂ ਹੈ।

ਜੇ ਤੁਹਾਡਾ ਐੱਫਆਈਟੀ (ਢੀਠ) ਕਿੱਟ ਨਤੀਜਾ ਅਸੁਭਾਵਿਕ ਹੈ, ਇਸਦਾ ਮਤਲਬ ਹੈ ਸਾਨੂੰ ਤੁਹਾਡੀ ਟੱਟੀ ਦੇ ਨਮੂਨੇ ਵਿੱਚ ਲਹੂ ਲੱਭਾ ਹੈ। ਅਸੀਂ ਕੋਲੋਨੋਸਕੋਪੀ ਕਰਵਾਉਣ ਬਾਰੇ ਗੱਲ੍ਹ ਕਰਨ ਲਈ ਤੁਹਾਨੂੰ ਇੱਕ ਅਪੌਇੰਟਮੈਂਟ ਦੀ ਪੇਸ਼ਕਸ਼ ਕਰਾਂਗੇ। ਇਹ ਤੁਹਾਡੀਆਂ ਬਾਉਲ (ਆਂਦਰਾਂ) ਦੇ ਅੰਦਰ ਦੀ ਇੱਕ ਜਾਂਚ ਹੈ (ਸਫ਼ਾ ੧੦ ਦੇਖੋ)। ਅਸੀਂ ਕੋਲੋਨੋਸਕੋਪੀ ਦਾ ਇਸਤੇਮਾਲ ਲਹੂ ਦਾ ਸਰੋਤ ਲੱਭਣ ਲਈ ਕਰਦੇ ਹਾਂ।



# ਬਾਉਲ (ਆਂਦਰ ਦੇ) ਕੈਂਸਰ ਦੇ ਆਪਣੇ ਖ਼ਤਰੇ ਨੂੰ ਘੱਟ ਕਰਨਾ ਚਉਨਚਣਰ

ਬਾਉਲ (ਆਂਦਰ ਦੇ) ਕੈਂਸਰ ਦੀ ਸਕ੍ਰੀਨਿੰਗ ਕਰਾਣ ਨਾਲ ਆਂਦਰ ਦੇ ਕੈਂਸਰ ਨਾਲ ਤੁਹਾਡੇ ਮਰਨ ਦਾ ਖ਼ਤਰਾ ਘਟੋ ਘੱਟ ੨੫% ਤੱਕ ਘੱਟ ਹੋ ਜਾਂਦਾ ਹੈ। *

ਤੁਸੀਂ ਆਪਣੇ ਬਾਉਲ ਕੈਂਸਰ ਦਾ ਖ਼ਤਰਾ ਘੱਟ ਕਰ ਸਕਦੇ ਹੋ।

- ਸ਼ਰੀਰਕ ਤੌਰ ਤੇ ਆਪਣੇ ਆਪ ਨੂੰ ਚੁਸਤ ਰਖ ਕੇ
- ਆਪਣਾ ਵਜਨ ਸਹਿਤਮੰਦ ਰੱਖ ਕੇ
- ਕਾਫ਼ੀ ਰੇਸ਼ੇ ਵਾਲੀਆਂ ਚੀਜ਼ਾਂ ਖਾ ਕੇ, ਉਦਾਹਰਣ ਲਈ ਸਾਬਤੇ ਅਨਾਜ ਦੇ ਦਾਣੇ ਅਤੇ ਛਲਿਕਆਿਂ ਸਮੇਤ ਅੰਨ ਚੁਣ ਕੇ
- ਕਾਫ਼ੀ ਸਾਰੀਆਂ ਸਬਜ਼ੀਆਂ ਅਤੇ ਫਲ ਖਾ ਕੇ
- ਲਾਲ ਮਾਸ ਘੱਟ ਖਾ ਕੇ ਖਾਸ ਤੌਰ ਤੇ ਘੱਟ ਪ੍ਰੋਸੈਸਡ ਮੀਟ
- ਘੱਟ ਸ਼ਰਾਬ ਪੀ ਕੇ
- ਸਗਿਰਟ ਨਾ ਪੀ ਕੇ

*ਹਯੂਇਟਸਨ ਪੀ ਅਤੇ ਹੋਰ (੨੦੦੮) ਕੋਕਰੇਨ ਸਸਿਟੇਮੈਟਕਿ ਰਵਿਊ ਆੱਫ ਕੋਲੋਰੈਕਟਲ ਕੈਂਸਰ ਟੱਟੀ ਦਾ ਰਹੱਸਮਈ ਲਹੂ ਦਾ ਟੈਸਟ (ਹਮਿੋਕਲਟ): ਇੱਕ ਆਧੁਨਕਿਰਣ। ਅਮਰੀਕਨ ਜਰਨਲ ਆੱਫ ਗੈਸਟ੍ਰੋਏਨਟ੍ਰੋਲੋਜੀ ੧੦੩(੬): ੧੫੪੧੯

# ਐੱਫਆਈਟੀ (ਢੀਠ) ਕਿੱਟ ਦਾ ਇਸਤੇਮਾਲ ਕਰਨਾ

ਤੁਸੀਂ ਆਪਣੇ ਘਰ ਦੇ ਇਕਾਂਤ ਵਿੱਚ ਐੱਫਆਈਟੀ (ਢੀਠ) ਕਿੱਟ ਦਾ ਇਸਤੇਮਾਲ ਕਰਦੇ ਹੋ। ਇਹ ਇੱਕ ਅਸਾਨ ਤਰੀਕਾ ਹੈ ਟੱਟੀ ਦਾ ਇੱਕ ਛੋਟਾ ਜਹਿਾ ਨਮੂਨਾ ਇਕੱਠਾ ਕਰਨ ਦਾ। ਇਹ ਕਿੱਟ ਪਲਾਸਟਕਿ ਦੀ ਇੱਕ ਛੋਟੀ ਜਹਿੀ ਬੋਤਲ ਹੈ ਜਹਿਦੇ ਨਾਲ ਢੱਕਣ ਦੇ ਅੰਦਰ ਇੱਕ ਤੀਲਾ ਜੁੜਆਿ ਹੋਇਆ ਹੈ। ਤੁਸੀਂ ਨਮੂਨਾ ਇਕੱਠਾ ਕਰਨ ਲਈ ਤੀਲੇ ਦਾ ਇਸਤੇਮਾਲ ਕਰਦੇ ਹੋ, ਜੋ ਤੁਸੀਂ ਬੋਤਲ ਵਿੱਚ ਬੰਦ ਕਰਦੇ ਹੋ। ਨਰਿਦੇਸ਼ ਲਖਿੇ ਹੋਏ ਹਨ ਹਰੇਕ ਕਿੱਟ ਦੇ ਨਾਲ ਇੱਕ ਵਾਰ ਇਸਤੇਮਾਲ ਕਰਕੇ, ਤੁਸੀਂ ਇਹ ਕਿੱਟ ਪਹਲਿਾਂ ਤੋਂ ਟਕਿਟ ਲੱਗੈ ਪੈਕਟਿ ਵਿੱਚ ਇੱਕ ਪ੍ਰਯੋਗਸ਼ਾਲਾ ਨੂੰ ਕਾਰਵਾਈ ਕਰਨ ਲਈ ਪੋਸਟ ਕਰਦੇ ਹੋ। ਇਸ ਕਿੱਟ ਦਾ ਇਸਤੇਮਾਲ ਕਰਨ ਵਿੱਚ ਸਰਿਫ਼ ਕੁਝ ਹੀ ਮੰਿਟ ਲਗਦੇ ਹਨ ਅਤੇ ਇਹ ਬਾਉਲ ਦੇ ਸ਼ੁਰੂਆਤੀ ਕੈਂਸਰ ਨੂੰ ਲੱਭਣ ਦਾ ਇੱਕ ਅਸਾਨ ਅਤੇ ਅਸਰਦਾਰ ਤਰੀਕਾ ਹੈ।

ਜੇ ਤੁਸੀਂ ਨਸ਼ਿਚਤਿ ਨਹੀਂ ਹੋ ਕ ਿਤੁਹਾਨੂੰ ਇਸ ਕਿੱਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਜਾਂ ਨਹੀਂ, ਕਰਿਪਾ ਕਰਕੇ ਸਾਡੀ ਮੁਫ਼ਤ ਹੈਲਪਲਾਇਨ ੦੮੦੦ ੭੦੭ ੬੦ ੬੦ ਤੇ ਸਲਾਹ ਲਈ ਫੋਨ ਕਰੋ। ਉਦਾਹਰਣ ਲਈ, ਜੇ ਤੁਹਾਡਾ ਓਪਰੇਸ਼ਨ ਹੋਇਆ ਹੈ ਅਤੇ ਇੱਕ ਬਣਾਵਟੀ ਛੇਦ (ਇੱਕ ਸਟੋਮਾ) ਹੈ ਜਸਿ ਵਿੱਚੋਂ ਟੱਟੀ ਬਾਹਰ ਨਕਿਲਦੀ ਹੈ ਤਾਂ ਹੋ ਸਕਦਾ ਹੈ ਤੁਸੀਂ ਸਾਨੂੰ ਫੋਨ ਕਰਨਾ ਚਾਹੋ।

# ਬਾਊਲ (ਆਂਦਰ ਦੇ) ਕੈਂਸਰ ਦੀ ਸਕ੍ਰੀਨਿੰਗ ਦੇ ਨਤੀਜੇ

ਤੁਹਾਡੇ ਨਮੂਨੇ ਭੇਜਨ ਦੇ ੨ ਹਫ਼ਤਿਆਂ ਦੇ ਅੰਦਰ ਤੁਹਾਨੂੰ ਨਤੀਜੇ ਦਾ ਇੱਕ ਖ਼ਤ ਆ ਜਾਣਾ ਚਾਹੀਦਾ ਹੈ। ੨ ਸੰਭਵ ਨਤੀਜੇ ਹੋ ਸਕਦੇ ਹਨ।

## ਇੱਕ ਸੁਭਾਵਿਕ ਨਤੀਜਾ

ਜ਼ਿਆਦਾਤਰ ਲੋਕਾਂ ਦਾ (ਤਕਰੀਬਨ ੧00 ਵਿੱਚੋਂ ੯੮) ਨਤੀਜਾ ਸੁਭਾਵਿਕ ਹੁੰਦਾ ਹੈ।

ਇੱਕ ਸੁਭਾਵਿਕ ਨਤੀਜਾ ਇਸ ਦੀ ਗਰੰਟੀ ਨਹੀਂ ਹੈ ਕਿ ਤੁਹਾਨੂੰ ਬਾਊਲ (ਆਂਦਰਾਂ ਦਾ) ਕੈਂਸਰ ਨਹੀਂ ਹੈ, ਜਾਂ ਭਵਿੱਖ ਵਿੱਚ ਨਹੀਂ ਹੋਏਗਾ।

ਬਾਊਲ (ਆਂਦਰਾਂ ਦੇ) ਕੈਂਸਰ ਦੇ ਲੱਖਣਾਂ ਬਾਰੇ ਜਾਣੂ ਹੋਣਾ ਬਹੁਤ ਮਹੱਤਵਪੂਰਣ ਹੈ (ਸਫ਼ਾ ੧੩ ਦੇਖੋ)। ਅਸੀਂ ਤੁਹਾਨੂੰ ੨ ਸਾਲਾਂ ਦੇ ਸਮੇਂ ਬਾਅਦ ਫਿਰ ਤੋਂ ਬਾਊਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ ਕਰਨ ਲਈ ਕਹਾਂਗੇ ਜੇ ਤੁਸੀਂ ੭੫ ਸਾਲਾਂ ਤੋਂ ਘੱਟ ਉਮਰ ਦੇ ਹੋ।

## ਇੱਕ ਅਸੁਭਾਵਿਕ ਨਤੀਜਾ


ਐੱਫਆਈਟੀ (ਫੀਠ) ਕਿੱਟ ਦਾ ਇਸਤੇਮਾਲ ਕਰਨ ਵਾਲੇ ਹਰ ੧00 ਲੋਕਾਂ ਵਿੱਚੋਂ ਤਕਰੀਬਨ ੨ ਦਾ ਨਤੀਜਾ ਅਸੁਭਾਵਿਕ ਹੋਏਗਾ। ਇਸਦਾ ਮਤਲਬ ਹੈ ਸਾਨੂੰ ਤੁਹਾਡੀ ਟੱਟੀ ਦੇ ਨਮੂਨੇ ਦੇ ਵਿੱਚ ਲਹੂ ਲੱਭਾ ਹੈ।

ਇਸਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਕੈਂਸਰ ਹੈ, ਪਰ ਇਸਦਾ ਮਤਲਬ ਹੈ ਅਸੀਂ ਤੁਹਾਨੂੰ ਕੋਲੋਨੋਲਕੋਪੀ ਕਰਾਉਣ ਬਾਰੇ ਗੱਲਬਾਤ ਕਰਨ ਲਈ ਇਕ ਅਪੋਇੰਟਮੈਂਟ ਪੇਸ਼ ਕਰਾਂਗੇ। ਕਈ ਚੀਜ਼ਾਂ ਦੇ ਕਾਰਨ ਟੱਟੀ ਵਿੱਚ ਲਹੂ ਹੋ ਸਕਦਾ ਹੈ, ਜਿਸ ਤਰ੍ਹਾਂ:

- ਬਵਾਸੀਰ (ਪਾਇਲਜ਼)
- ਬਾਊਲ (ਆਂਦਰਾਂ) ਵਿੱਚ ਪੋਲਿਪ
- ਬਾਊਲ (ਆਂਦਰਾਂ ਦਾ) ਕੈਂਸਰ

ਇੱਕ ਹੋਰ ਜਾਂਚ (ਆਮ ਤੌਰ ਤੇ ਇੱਕ ਕੋਲੋਨੋਸਕੋਪੀ) ਕਰਾਉਣ ਦਾ ਮਤਲਬ ਹੈ ਅਸੀਂ ਲਹੂ ਦੀ ਵਜ੍ਹਾ ਲੱਭ ਸਕਦੇ ਹਾਂ।

## ੧੦੦ ਲੋਕ ਜਿਹਨਾਂ ਨੂੰ ਢੀਠ ਕਿੱਟ ਨਤੀਜੇ ਮਿਲਦੇ ਹਨ ਵਿੱਚੋਂ:




# ਟੈਸਟ ਤੋਂ ਬਾਅਦ ਨਮੂਨਿਆਂ ਦਾ ਕੀ ਹੁੰਦਾ ਹੈ

ਇੱਕ ਵਾਰ ਜਦ ਅਸੀਂ ਢੀਠ ਨਮੂਨੇ ਦਾ ਵਿਸ਼ਲੇਸ਼ਣ ਕੀਤਾ ਹੈ, ਅਸੀਂ ਨਤੀਜਾ ਇੱਕ ਡੇਟਾਬੇਸ ਵਿੱਚ ਦਰਜ ਕਰਦੇ ਹਾਂ ਅਤੇ ਫਿਰ ਟੈਸਟ ਕਿੱਟ ਅਤੇ ਇਸਦੇ ਵਿੱਚਲਾ ਨਮੂਨਾ ਨਸ਼ਟ ਕਰ ਦਿੰਦੇ ਹਾਂ।

# ਜੇ ਤੁਹਾਡਾ ਇੱਕ ਅਸੁਭਾਵਿਕ ਨਤੀਜਾ ਹੈ

੧. ਅਸੀਂ ਤੁਹਾਨੂੰ ਇੱਕ ਸਥਾਨਕ ਸਕ੍ਰੀਨਿੰਗ ਸੈਂਟਰ ਵਿਖੇ (ਆਪ ਤੌਰ ਤੇ ਹਸਪਤਾਲ ਵਿੱਚ) ਇੱਕ ਅਪੌਇੰਟਮੈਂਟ ਪੇਸ਼ ਕਰਾਂਗੇ। ਇਹ ਤੁਹਾਡੀ ਆਂਦਰਾਂ ਦੀ ਇੱਕ ਵਿਆਪਕ ਜਾਂਚ (ਕੋਲੋਨੋਸਕੋਪੀ) ਬਾਰੇ ਗੱਲਬਾਤ ਕਰਨ ਲਈ ਹੈ। ਕੋਲੋਨੋਸਕੋਪੀ ਇਹ ਦੇਖਣ ਲਈ ਹੈ ਕਿ ਕੋਈ ਸਮੱਸਿਆ ਹੈ ਜਿਸਨੂੰ ਇਲਾਜ ਦੀ ਲੋੜ ਹੈ।

ਇੱਕ ਮਾਹਰ ਸਕ੍ਰਨਿੰਗ ਪ੍ਰੈਕਟੀਸ਼ਨਰ (ਸ਼ਸ਼ਫ) ਤੁਹਾਡੇ ਨਾਲ ਤੁਹਾਡੇ ਸਕ੍ਰੀਨਿੰਗ ਨਤੀਜੇ ਬਾਰੇ ਗੱਲ ਕਰਣਗੇ, ਅਤੇ ਉਹਨਾਂ ਸਵਾਲਾਂ ਦਾ ਜਵਾਬ ਦੇਣਗੇ ਜੋ ਤੁਸੀਂ ਪੁੱਛਣਾ ਚਾਹੁੰਦੇ ਹੋ। ਉਹ ਤੁਹਾਡੇ ਨਾਲ ਕੋਲੋਨੋਸਕੋਪੀ ਬਾਰੇ ਗੱਲਬਾਤ ਕਰਣਗੇ, ਅਤੇ ਚੈੱਕ ਕਰਣਗੇ ਕਿ ਤੁਸੀਂ ਇੱਸ ਟੈਸਟ ਲਈ ਕਾਫ਼ੀ ਸਹਿਤਮੰਦ ਹੋ।

੨. ਜੇ ਤੁਸੀਂ ਕੋਲੋਨੋਸਕੋਪੀ ਲਈ ਸਹਿਤਮੰਦ ਹੋ ਅਤੇ ਜਾਂਚ ਕਰਵਾਉਣ ਲਈ ਅੱਗੇ ਵੱਧਨਾ ਚਾਹੁੰਦੇ ਹੋ, ਅਸੀਂ ਤੁਹਾਡੇ ਲਈ ਇੱਕ ਅਪੌਇੰਟਮੈਂਟ ਦਾ ਇੰਤਜ਼ਾਮ ਕਰਾਂਗੇ। ਜੇ ਤੁਸੀਂ ਕੋਲੋਨੋਸਕੋਪੀ ਲਈ ਕਾਫ਼ੀ ਸਹਿਤਮੰਦ ਨਹੀਂ ਹੋ, ਅਸੀਂ ਤੁਹਾਨੂੰ ਵੱਖ ਜਾਂਚ ਜਿਵੇਂ ਇੱਕ ਕਮਪਯੁਟਰਾਇਜ਼ਡ ਟੋਮੋਗ੍ਰਾਫੀ (ਸੀਟੀ) ਸਕੈਨ (ਜਿਸਨੂੰ ਇੱਕ 'ਵਰਚੁਅਲ ਕੋਲੋਨੋਸਕੋਪੀ' ਵੀ ਕਹਿੰਦੇ ਹਨ) ਕਰਵਾਉਣ ਲਈ ਕਹਿ ਸਕਦੇ ਹਾਂ।

# ਕੋਲੋਨੋਸਕੋਪੀ

੧੦੦ ਵਿੱਚੋਂ ਸਿਰਫ਼ ਤਕਰੀਬਨ ੨ ਲੋਕਾਂ ਨੂੰ ਜੋ ਢੀਠ ਕਿੱਟ ਪੂਰੀ ਕਰਦੇ ਹਨ ਨੂੰ ਕੋਲੋਨੋਸਕੋਪੀ ਦੀ ਲੋੜ ਹੋਏਗੀ।

ਕੋਲੋਨੋਸਕੋਪੀ ਤੁਹਾਡੀ ਵੱਡੀ ਆਂਦਰ ਦੇ ਅੰਦਰ ਦੇਖਦੀ ਹੈ। ਇੱਕ ਕੋਲੋਨੋਸਕੋਪੀ ਮਾਹਰ (ਆਮ ਤੌਰ ਤੇ ਇੱਕ ਡਾਕਟਰ ਜਾਂ ਨਰਸ) ਇੱਕ ਪਤਲੀ ਲਚਕਦਾਰ ਟਯੂਬ ਜਿਸਦੇ ਉੱਤੇ ਇੱਕ ਬਹੁਤ ਛੋਟਾ ਜਿਹਾ ਕੈਮਰਾ ਜੁੜਿਆ ਹੁੰਦਾ ਹੈ (ਇੱਕ ਕੋਲੋਨੋਸਕੋਪ) ਤੁਹਾਡੇ ਗੁਦਾ ਦੁਆਰ (ਗੁਦਾ) ਵਿੱਚ ਪਾਉਣਗੇ। ਉਹ ਕੋਲੋਨੋਸਕੋਪ ਨੂੰ ਤੁਹਾਡੀ ਵੱਡੀ ਆਂਦਰ ਦੇ ਦੁਆਲੇ ਗਾਈਡ ਕਰਣਗੇ। ਜੇ ਉਹਨਾਂ ਨੂੰ ਕੋਈ ਪੌਲਿਪ ਲੱਭਦੇ ਹਨ, ਉਹ ਉਹਨਾਂ ਨੂੰ ਕੋਲੋਨੋਸਕੋਪੀ ਟਯੂਬ ਦੇ ਅੰਦਰੋਂ ਲੰਘਾਈ ਗਈ ਤਾਰ ਦੀ ਘੁੰਡੀ ਦਾ ਇਸਤੇਮਾਲ ਕਰਕੇ ਆਮ ਤੌਰ ਤੇ ਬਗ਼ੈਰ ਦਰਦ ਦੇ ਹਟਾ ਸਕਦੇ ਹਨ। ਉਹ ਹਟਾਏ ਗਏ ਸਾਰੇ ਪੌਲਿਪਾਂ ਨੂੰ ਕੈਂਸਰ ਸੈੱਲਾਂ ਲਈ ਚੈਕ ਕਰਣਗੇ।

ਕੋਲੋਨੋਸਕੋਪੀ ਬਾਉਲ (ਆਂਦਰਾਂ ਦੇ) ਕੈਂਸਰ ਦੀ ਪਹਿਚਾਣ ਕਰਨ ਦਾ ਸਭਤੋਂ ਵਧੀਆ ਤਰੀਕਾ ਹੈ। ਜਿਆਦਾਤਰ ਲੋਕਾਂ ਲਈ, ਕੋਲੋਨੋਸਕੋਪੀ ਇੱਕਦਮ ਸਿੱਧਾ ਤਰੀਕਾ ਹੈ। ਪਰ ਜਿਸ ਤਰ੍ਹਾਂ ਜਿਆਦਾਤਰ ਡਾਕਟਰੀ ਟੈਸਟਾਂ ਦੇ ਨਾਲ ਹੁੰਦਾ ਹੈ, ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਇਹਨਾਂ ਵਿੱਚ ਸ਼ਾਮਿਲ ਹਨ:

- ਕੋਲੋਨੋਸਕੋਪ ਦੇ ਕਾਰਨ ਹੋਇਆ ਆਂਦਰ ਵਿੱਚ ਇੱਕ ਛੇਦ (ਸੁਰਾਖ) (੧੭੦੦ ਵਿੱਚੋਂ ਤਕਰੀਬਨ ੧ ਬੰਦੇ ਨੂੰ); ਛੇਦ ਵਾਲੇ ਤਕਰੀਬਨ ਅੱਧੇ ਲੋਕਾਂ ਨੂੰ ਇਸਦੀ ਮਰੰਮਤ ਲਈ ਓਪਰੇਸ਼ਨ ਦੀ ਲੋੜ ਪਏਗੀ।
- ਜਿਆਦਾ ਲਹੂ ਵੱਗਣ ਕਾਰਨ ਨਸਾਂ ਵਿੱਚ ਲਹੂ ਚੜ੍ਹਾਉਣ ਦੀ ਲੋੜ (੨੪੦੦ ਵਿੱਚੋਂ ਤਕਰੀਬਨ ੧ ਬੰਦੇ ਨੂੰ)

ਵਿਰਲੇ ਮਾਮਲਿਆਂ ਵਿੱਚ, ਕੋਲੋਨੋਸਕੋਪੀ ਮੁਸ਼ਕਲਾਂ ਦਾ ਨਤੀਜਾ ਮੌਤ ਹੋ ਸਕਦਾ ਹੈ। ਹਲਾਂਕਿ ੨੦੧੧ ਵਿੱਚ ਕੀਤੀਆਂ ਗਈਆਂ ੨੦,੦੮੬ ਕੋਲੋਨੋਸਕੋਪੀਆਂ ਦੇ ਰਾਸ਼ਟਰੀ ਲੇਖਾ ਪੜਤਾਲ ਵਿੱਚ, ਕੋਈ ਮੌਤ ਦਰਜ ਨਹੀਂ ਕੀਤੀ ਗਈ।*

ਵਧੇਰੇ ਜਾਣਕਾਰੀ ਲਈ, ਤੁਸੀਂ ਕੋਲੋਨੋਸਕੋਪੀ ਬਾਰੇ ਸਾਡਾ ਪਰਚਾ ਪੜ੍ਹ ਸਕਦੇ ਹੋ (ਸਫ਼ਾ ੧੫ ਵੇਖੋ)। ਅਸੀਂ ਇਹੋ ਜਿਹੇ ਕਿਸੇ ਬੰਦੇ ਨੂੰ ਇਹ ਪਰਚਾ ਭੇਜਦੇ ਹਾਂ ਜਿਸਨੂੰ ਇੱਕ ਸ਼ਸ਼ਫ ਅਪੌਇੰਟਮੈਂਟ ਦਿੱਤੀ ਗਈ ਹੋਵੇ।

ਯਾਦ ਰਖੋ, ਜਿਆਦਾਤਰ ਲੋਕ ਜੋ ਢੀਠ ਕਿੱਟ ਪੂਰੀ ਕਰਦੇ ਹਨ, ਨੂੰ ਕੋਲੋਨੋਸਕੋਪੀ ਦੀ ਲੋੜਨਹੀਂ ਹੋਏਗੀ।

* ਗੈਵਿਨ, ਡੀਆਰ ਅਤੇ ਹੋਰ (੨੦੧੩)। ਦ ਨੈਸ਼ਨਲ ਕੋਲੋਨੋਸਕੋਪੀ ਔਡਿਟ: ਯੂਕੇ ਵਿੱਚ ਕੋਲੋਨੋਸਕੋਪੀ ਦੀ ਗੁਣਵੱਤਾ ਅਤੇ ਸੁਰੱਖਿਆ ਦਾ ਇੱਕ ਰਾਸ਼ਟਰੀ ਮੁਲਾਂਕਣ। ਗਟ ੬੨(੨): ੨੪੩ ੨੪੯.

# ਬਾਉਲ ਕੈਂਸਰ ਦੀ ਸਕਰੀਨਿੰਗ ਦੇ ਸੰਭਾਵਿਤ ਫਾਇਦੇ ਅਤੇ ਖ਼ਤਰੇ

ਸੰਭਾਵਿਤ ਖ਼ਤਰਿਆਂ ਅਤੇ ਫ਼ਾਇਦਿਆਂ ਬਾਰੇ ਜਾਣੂ ਹੋਣ ਨਾਲ ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਮਿਲੇਗੀ ਕਿ ਤੁਸੀਂ ਆਂਦਰਾਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਹਿੱਸਾ ਲੈਣਾ ਹੈ ਜਾਂ ਨਹੀਂ।

## ਫ਼ਾਇਦੇ

ਬਾਉਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ:

- ਬਾਉਲ (ਆਂਦਰਾਂ ਦੇ) ਕੈਂਸਰ ਨਾਲ ਤੁਹਾਡੇ ਮਰਨ ਦੇ ਖ਼ਤਰੇ ਨੂੰ ਘਟੋ ਘੱਟ ੨੫% ਤੱਕ ਘੱਟ ਕਰ ਦਿੰਦੀ ਹੈ
- ਸਾਨੂੰ ਕੋਲੋਨੋਸਕੋਪੀ ਦੌਰਾਨ ਲੱਭੇ ਗਏ ਪੌਲਿਪਾਂ ਨੂੰ ਹਟਾਉਣ ਦੀ ਇਜਾਜ਼ਤ ਦਿੰਦੀ ਹੈ, ਜੋ ਬਾਉਲ ਕੈਂਸਰ ਹੋਣ ਦਾ ਤੁਹਾਡਾ ਖ਼ਤਰਾ ਘਟਾਉਂਦਾ ਹੈ।
- ਘਰ ਦੇ ਇਕਾਂਤ ਵਿੱਚ ਕੀਤੀ ਜਾ ਸਕਦੀ ਹੈ

### ਖ਼ਤਰੇ

ਹੋ ਸਕਦਾ ਹੈ ਆਂਦਰਾਂ ਦੇ ਕੈਂਸਰ ਦੀ ਸਕ੍ਰੀਨਿੰਗ:

- ਮੁਸ਼ਕਲਾਂ ਪੈਦਾ ਕਰੇ, ਉਦਾਹਰਣ ਲਈ, ਕੋਲੋਨੋਸਕੋਪੀ ਦੇ ਦੌਰਾਨ ਜਾਂ ਬਾਅਦ ਵਿੱਚ (ਸਫ਼ਾ ੧੧ ਦੇਖੋ)
- ਕੈਂਸਰ ਨੂੰ ਨਾ ਲੱਭੇ ਜੇ ਉਸ ਸਮੇਂ ਲਹੂ ਨਹੀਂ ਵਗ ਰਿਹਾ ਸੀ ਜਦੋਂ ਢੀਠ ਕਿੱਟ ਦੀ ਵਰਤੋਂ ਕੀਤੀ ਗਈ ਸੀ

ਬਾਉਲ (ਆਂਦਰਾਂ ਦੇ) ਕੈਂਸਰ ਦੇ ਲੱਛਣਾਂ ਬਾਰੇ ਜਾਣੂ ਹੋਣਾ ਮਹੱਤਵਪੂਰਣ ਹੈ ਭਾਵੇਂ ਤੁਹਾਡੀ ਸਕ੍ਰੀਨਿੰਗ ਹੁੰਦੀ ਹੈ। ਕੋਈ ਵੀ ਸਕ੍ਰੀਨਿੰਗ ਟੈਸਟ ੧੦੦% ਅਸਰਦਾਰ ਨਹੀਂ ਹੈ। ਇੱਕ ਆਮ ਸਕ੍ਰੀਨਿੰਗ ਟੈਸਟ ਇਸ ਗੱਲ ਦੀ ਗਰੰਟੀ ਨਹੀਂ ਦਿੰਦਾ ਕਿ ਤੁਹਾਨੂੰ ਬਾਉਲ (ਆਂਦਰਾਂ ਦਾ) ਕੈਂਸਰ ਨਹੀਂ ਹੈ, ਜਾਂ ਭਵਿੱਖ ਵਿੱਚ ਇਹ ਨਹੀਂ ਹੋਏਗਾ।

# ਬਾਊਲ (ਆਂਦਰਾਂ ਦੇ) ਕੈਂਸਰ ਦੇ ਲੱਛਣ

ਬਾਊਲ (ਆਂਦਰਾਂ ਦੇ) ਕੈਂਸਰ ਦੇ ਲੱਛਣਾਂ ਵਿੱਚ ਸ਼ਾਮਿਲ ਹਨ:

- ਤੁਹਾਡੀ ਟੱਟੀ ਵਿੱਚ ਲਹੂ
- ਢਿੱਲੀ ਟੱਟੀ, ਬਾਰ ਬਾਰ ਟੱਟੀ ਕਰਨਾ ਅਤੇ/ਜਾਂ ਕਬਜ਼
- ਤੁਹਾਡੇ ਪੇਟ ਵਿੱਚ ਦਰਦ ਜਾਂ ਇੱਕ ਗਲ੍ਹਿਟੀ
- ਥੋੜ੍ਹੇ ਸਮੇਂ ਤੋਂ ਆਮ ਨਾਲੋਂ ਜਿਆਦਾ ਥਕਾਨ ਮਹਿਸੂਸ ਕਰਨਾ
- ਬਗ਼ੈਰ ਕਿਸੇ ਜਾਹਰ ਕਾਰਨ ਦੇ ਵਜਨ ਦਾ ਘੱਟਨਾ

ਕਿਰਪਾ ਕਰਦੇ ਯਾਦ ਰਖੋ ਕਿ ਇਹਨਾਂ ਲੱਛਣਾਂ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਜਰੂਰ ਆਂਦਰਾਂ ਦਾ ਕੈਂਸਰ ਹੈ। ਪਰ ਜੇ ਤੁਹਾਡੇ ਵਿੱਚ ਇਹਨਾਂ ਵਿੱਚੋਂ ਕੋਈ ਵੀ ਲੱਛਣ ੩ ਹਫ਼ਤੇ ਜਾਂ ਉਸਤੋਂ ਜਿਆਦਾ ਸਮੇਂ ਲਈ ਮੌਜੂਦ ਹਨ, ਕਿਰਪਾ ਕਰਕੇ ਤੁਹਾਡੇ ਜੀਪੀ ਨਾਲ ਗੱਲ ਕਰੋ। ਇਹ ਕਰਨਾ ਮਹੱਤਵਪੂਰਣ ਹੈ ਭਾਵੇਂ ਹਾਲ ਵਿੱਚ ਸਕ੍ਰੀਨਿੰਗ ਜਾਂ ਇੱਕ ਕੋਲੋਨੋਸਕੋਪੀ ਤੋਂ ਨਤੀਜਾ ਸੁਭਾਵਕ ਆਇਆ ਹੈ।

ਬਾਊਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ ਲੱਛਣਾਂ ਲਈ ਇੱਕ ਟੈਸਟ ਨਹੀਂ ਹੈ।

# ਬਾਊਲ (ਆਂਦਰਾਂ ਦੇ) ਕੈਂਸਰ ਦਾ ਇਲਾਜ

ਬਾਊਲ (ਆਂਦਰਾਂ ਦੇ) ਕੈਂਸਰ ਦੀ ਪਹਿਚਾਣ ਦੀ ਸੰਭਾਵਨਾ ਘੱਟ ਹੈ। ਪਰ ਜੇ ਇਹ ਹੁੰਦਾ ਹੈ, ਅਸੀਂ ਤੁਹਾਨੂੰ ਮਾਹਰਿਾਂ ਦੀ ਇੱਕ ਟੀਮ ਕੋਲ ਭੇਜਾਂਗੇ ਜੋ ਤੁਹਾਡੀ ਦੇਖਭਾਲ ਕਰਣਗੇ।

ਜੇ ਕੈਂਸਰ ਇੱਕ ਪੌਲਪਿ ਦੇ ਅੰਦਰ ਹੈ ਜੋ ਕੋਲੋਨੋਸਕੋਪੀ ਦੇ ਦੌਰਾਨ ਕੱਢਆਿ ਗਆਿ ਹੈ, ਹੋ ਸਕਦਾ ਹੈ ਤੁਹਾਨੂੰ ਸਰਿਫ਼ ਲਗਾਤਾਰ ਚੈਕਅਪ ਕਰਾਉਣ ਦੀ ਹੀ ਲੋੜ ਹੋਏ।

ਬਾਊਲ (ਆਂਦਰਾਂ ਦੇ) ਕੈਂਸਰ ਦਾ ਮੁੱਖ ਇਲਾਜ ਉਪਰੇਸ਼ਨ ਹੈ। ਕੁਝ ਮਾਮਲਆਿਂ ਵੱਿਚ, ਮਾਹਰਿ ਤੁਹਾਨੂੰ ਕੀਮੋਥੈਰੇਪੀ ਜਾਂ ਰੇਡੀਓਥੈਰੇਪੀ ਕਰਾਉਣ ਦੀ ਪੇਸ਼ਕਸ਼ ਕਰ ਸਕਦੇ ਹਨ।

ਸਾਰੇ ਬਾਊਲ ਕੈਂਸਰ ਜੋ ਸਕ੍ਰੀਨੰਿਗ ਵੱਿਚ ਲੱਭੇ ਜਾਂਦੇ ਹਨ, ਇਲਾਜ਼ ਯੋਗ ਨਹੀਂ ਹਨ। ਪਰ ਬਾਊਲ (ਆਂਦਰਾਂ ਦੇ) ਕੈਂਸਰ ਦਾ ਮੁੱਢਲੀ ਅਵਸਥਾ ਵੱਿਚ ਲੱਭਣ ਦਾ ਮਤਲਬ ਹੈ ਕਿ ਬਚਾਅ ਦਾ ਮੌਕਾ ੯0% ਤੋਂ ਉੱਤੇ ਹੈ (ਕੈਂਸਰ ਰੀਸਰਚ ਯੂਕੇ ੨0੧੨ ਕੈਂਸਰਸਟੈਟਸ)।

# ਵਧੇਰੇ ਜਾਣਕਾਰੀ ਅਤੇ ਸਹਾਰਾ

ਬਾਊਲ (ਆਂਦਰਾਂ ਦੇ) ਕੈਂਸਰ ਦੀ ਸਕ੍ਰੀਨਿੰਗ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਮੁਫ਼ਤ ਹੈਲਪਲਾਈਨ ੦੮੦੦ ੭੦੭ ੬੦ ੬੦ 'ਤੇ ਫੋਨ ਕਰੋ।

ਤੁਸੀਂ ਇਹ ਵੀ ਕਰ ਸਕਦੇ ਹੋ:

- ਤੁਹਾਡੇ ਜੀਪੀ ਨਾਲ ਗੱਲ
- ਜਾਓ ਾਾਾ.ਨਹਸ.ੁਕ/ਬੋਾੲਲ
- ਜਾਓ ਾਾਾ.ਗੋਵ.ੁਕ ਅਤੇ 'ਬਾਊਲ ਕੈਂਸਰ ਦੀ ਸਕ੍ਰੀਨਿੰਗ' ਲੱਭੋ।

ਜੇ ਤੁਸੀਂ ੭੫ ਜਾਂ ਇਸਤੋਂ ਉੱਤੇ ਹੋ ਅਤੇ ਢੀਠ ਕਿੱਟ ਚਾਹੁੰਦੇ ਹੋ, ਕਿਰਪਾ ਕਰਕੇ ਸਾਡੀ ਮੁਫ਼ਤ ਹੈਲਪਲਾਈਨ ੦੮੦੦ ੭੦੭ ੬੦ ੬੦ 'ਤੇ ਫੋਨ ਕਰੋ। ਤੁਸੀਂ ਹਰ ੨ ਸਾਲ ਬਾਅਦ ਕਿੱਟ ਲਈ ਮੰਗ ਕਰ ਸਕਦੇ ਹੋ।

ਕੋਲੋਨੋਸਕੋਪੀ ਬਾਰੇ ਸਾਡਾ ਪਰਚਾ ਪੜ੍ਹਨ ਲਈ, ਜਾਓ:
ਾਾਾ.ਗੋਵ.ੁਕ/ਗੋਵੲਰਨਮੲਨਟ/ਪੁਬਲਚਿੳਟਿੋਨਸ/ਬੋਾੲਲੁ ਚੳਨਚੲਰੁ ਸਚਰੲੲਨਨਿਗੁ ਚੋਲੋਨੋਸਚੋਪੇ

ਦੁਵਲਿੰਗੀ ਅਤੇ ਗ਼ੈਰੁ ਬਾਈਨਰੀ ਲੋਕਾਂ ਲਈ ੍ਯ਼ ਜਨਤਕ ਸਕ੍ਰੀਨਿੰਗ ਪ੍ਰੋਗਰਾਮਾਂ ਬਾਰੇ ਜਾਣਕਾਰੀ ਉਪਲਬਧ ਹੈ:
ਾਾਾ.ਗੋਵ.ੁਕ/ਗੋਵੲਰਨਮੲਨਟ/ਪੁਬਲਚਿੳਟਿੋਨਸ/ਨਹਸੁ ਪੋਪੁਲੳਟਿੋਨੁ ਸਚਰੲੲਨਨਿਗੁ ਨਿਡੋਰਮੳਟਿੋਨੁ ਡੋਰੁ ਟਰੳਨਸਗੲਨਦੲਰੁ ਪੲੋਪਲੲ

ਇੱਹ ਪਤਾ ਕਰੋ ਕਿ ਪਬਲਕਿ ਹੈਲਥ ਇੰਗਲੈਂਡ ਅਤੇ ੍ਯ਼ ਤੁਹਾਡੀ ਸਕ੍ਰੀਨਿੰਗ ਜਾਣਕਾਰੀ ਦੀ ਵਰਤੋਂ ਅਤੇ ਸੁਰੱਖਆਿ ਕਸਿ ਤਰ੍ਹਾਂ ਕਰਦੇ ਹਨ ਾਾਾ.ਗੋਵ.ੁਕ/ਪਹੲ/ਸਚਰੲੲਨਨਿਗੁ ਦੳਟੳ.

ਸਕ੍ਰੀਨਿੰਗ ਤੋਂ ਬਾਹਰ ਨਕਿਲਣ ਲਈ, ਦੇਖੋ ਾਾਾ.ਗੋਵ.ੁਕ/ਪਹੲ/ਸਚਰੲੲਨਨਿਗੁ ੋਪਟੁ੍ੋਟ.

ਜਿੱਥੇ ਦੱਸਆਿ ਗਆਿ ਹੈ, ਉਸਤੋਂ ਇਲਾਵਾ ਸਾਰੇ ਅੰਕੜੇ ਪਬਲਕਿ ਹੈਲਥ ਇੰਗਲੈਂਡ ਵਲੋਂ ਹਨ।

ਬਾਉਲ ਕੈਂਸਰ ਦੀ ਸਕ੍ਰੀਨਿੰਗ ਬਾਰੇ ਵਧੇਰੇ ਜਾਣਕਾਰੀ ਲਈ: ਾਾਾ. ਨਹਸ.ੁਕ/ਬੋਾੲਲ

ਇਹ ਪਰਚਾ ਆਰਡਰ ਕਰੋ: ਾਾਾ. ਗੋਵ.ੁਕ/ਪਹੲ/ਸਚਰੲੲਨਨਿਗ ਲੲੳਡਲੲਟਸ

ਤਸਵੀਰਾਂ ਦਾ ਸ਼੍ਰੋਅ:
ਉੱਤਲੀ ਤਸਵੀਰ: ੍ਉਾਪਟਿੲਲ. ਚੋਮ/ਸ਼ਹੁਟਟੲਰਸਟੋਚਕ
ਸਫ਼ਾ ੩: ਮੲਟੳਮੋਰਾੋਰਕਸ/ਸ਼ਹੁਟਟੲਰਸਟੋਚਕ

ਤੁਸੀਂ ਇਸ ਜਾਣਕਾਰੀ ਦੀ ਮੁੜ ਵਰਤੋਂ ਕਰ ਸਕਦੇ ਹੋ (ਲੋਗੋ ਨੂੰ ਛੱਡ ਕੇ) ਮੁਫ਼ਤ ਵਿੱਚ ਕਸਿ ਵੀ ਸਰੂਪ ਜਾਂ ਮਾਧਅਿਮ ਵਿੱਚ, ੳਪਨ ਗਵਰਮੈਂਟ ਲਾਈਸੈਂਸ ਵ੩.0. ਦੀ ਸ਼ਰਤਾਂ ਦੇ ਅਧੀਨ ਜਿੱਥੇ ਅਸੀਂ ਕਸਿ ਤੀਜੇ ਧੜੇ ਦੀ ਕਾਪੀਰੲੀਟ ਜਾਣਕਾਰੀ ਪਛਾਣੀ ਹੈ ਤੁਹਾਨੂੰ ਸਬੰਧਤ ਕਾਪੀਰੀਈਟ ਧਾਰਕਾਂ ਵਲੋਂ ਇਜਾਜ਼ਤ ਹਾਸਲਿ ਕਰਨ ਦੀ ਲੋੜ ਹੋਏਗੀ।

ਪੀਐੱਚਈ ਪ੍ਰਕਾਸ਼ਨ ਦਾ ਗੇਟਵੇ ਨੰਬਰ: ੨੦੧੯੬੬੫

ਪਹਲਿਾਂ ਪ੍ਰਕਾਸ਼ਤਿ: ਨਵੰਬਰ ੨੦੧੯
ਇਹ ਸਰੂਪ: ਨਵੰਬਰ ੨੦੧੯
ਸਮੀਖਆਿ ਬਕਾਇਆ: ਨਵੰਬਰ ੨੦੨੧

ਪਰਚਾ ਹਵਾਲਾ: ਭਛਸ਼ਫ੧੪
ਫ਼੧੯੬੬੫੯੩
© ਕ੍ਰਾਉਨ ਕਾਪੀਰਇਟਿ ੨੦੧੯

Corporate member of
Plain English Campaign
Committed to clearer communication
339